ਕੰਪਿਊਟਰ ਸਾਇੰਸ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

**ਇਸ਼ਤਿਹਾਰ ਨੰ: 03/2024/CS** **ਮਿਤੀ : 14.08.2024**

## ਵਾਕ-ਇਨ-ਇੰਟਰਵਿਊ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕੰਪਿਊਟਰ ਸਾਇੰਸ ਵਿਭਾਗ ਵਿਖੇ ਅਕਾਦਮਿਕ ਸੈਸ਼ਨ 2024-25 ਲਈ ਵਿਭਾਗ ਵਿਖੇ ਚਲ ਰਹੇ ਕੋਰਸਾਂ ਦੇ ਕੰਪਿਊਟਰ ਦੇ ਵਿਸ਼ੇ ਪੜ੍ਹਾਉਣ ਲਈ 01 (ਇਕ) ਗੈਸਟ ਫੈਕਲਟੀ (ਲੈਕਚਰ ਆਧਾਰ ਤੇ) ਦੀ ਜ਼ਰੂਰਤ ਹੈ। ਗੈਸਟ-ਫੈਕਲਟੀ ਦੀ ਨਿਯੁਕਤੀ ਨਿਮਨਲਿਖਤ ਸ਼ਰਤਾਂ ਅਨੁਸਾਰ ਕੀਤੀ ਜਾਣੀ ਹੈ :

1. ਉਮੀਦਵਾਰ UGC-2018 ਦੀਆਂ ਅਸਿਸਟੈਂਟ ਪ੍ਰੋਫੈਸਰ ਦੀਆਂ ਗਾਈਡਲਾਈਨਜ਼ ਅਨੁਸਾਰ Ph.D./UGC NET ਦੀਆਂ ਯੋਗਤਾਵਾਂ ਪੂਰੀਆਂ ਕਰਦਾ ਹੋਵੇ।
2. ਗੈਸਟ-ਫੈਕਲਟੀ ਅਧਿਆਪਕਾਂ ਦੀ ਨਿਯੁਕਤੀ ਦੀ ਅਵਧੀ ਯੂਨੀਵਰਸਿਟੀ ਅਕਾਦਮਿਕ ਕੈਲੰਡਰ (2024-25) ਅਨੁਸਾਰ 02 ਸਮੈਸਟਰਾਂ ਲਈ ਹੀ ਹੋਵੇਗੀ।
3. ਗੈਸਟ ਫੈਕਲਟੀ ਅਧਿਆਪਕਾਂ ਨੂੰ ਪੜ੍ਹਾਉਣ ਦਾ ਸੇਵਾਫਲ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ।
4. ਗੈਸਟ ਫੈਕਲਟੀ ਅਧਿਆਪਕਾਂ ਨੂੰ ਕਲਾਸਾਂ ਲਗਾਉਣ ਤੋਂ ਇਲਾਵਾ ਵਿਭਾਗ ਦੇ ਹੋਰ ਅਕਾਦਮਿਕ ਕੰਮ ਵੀ ਸੌਂਪੇ ਜਾ ਸਕਦੇ ਹਨ, ਜਿਵੇਂ ਕਿ ਇੰਟਰਨਲ ਪ੍ਰੀਖਿਆਵਾਂ ਅਤੇ ਫਾਈਨਲ ਪ੍ਰੀਖਿਆਵਾਂ ਵਿਚ ਡਿਊਟੀ ਦੇਣ, ਇੰਟਰਨਲ ਅਸੈਸਮੈਂਟ ਅਤੇ ਮੁਲਾਂਕਣ ਆਦਿ ਦਾ ਕੰਮ ਅਤੇ ਪ੍ਰੀਖਿਆਵਾਂ ਨਾਲ ਸਬੰਧਿਤ ਹੋਰ ਕੰਮ ਵੀ ਕਰਨਾ ਹੋਵੇਗਾ।
5. ਅਸਾਮੀਆਂ ਨੂੰ ਭਰਨ ਜਾਂ ਨਾ ਭਰਨ ਅਤੇ ਸਿਰਫ ਚੋਣਵੇਂ ਉਮੀਦਵਾਰਾਂ ਨੂੰ ਇੰਟਰਵਿਊ ਲਈ ਬੁਲਾਉਣ ਦਾ ਹੱਕ ਕੇਵਲ ਡੀਨ ਫੈਕਲਟੀ ਆਫ਼ ਕੰਪਿਊਟਿੰਗ ਸਾਇੰਸਿਜ਼ ਕੋਲ ਰਾਖਵਾਂ ਹੈ। ਅਸਾਮੀਆਂ ਦੀ ਗਿਣਤੀ ਘਟਾਈ-ਵਧਾਈ ਜਾ ਸਕਦੀ ਹੈ।

ਉਮੀਦਵਾਰ ਮਿਤੀ 16.08.2024 ਨੂੰ ਦੁਪਹਿਰ 12:00 ਵਜੇ ਆਪਣੇ ਬਿਨੈ-ਪੱਤਰ ਸਮੇਤ ਅਸਲ ਸਰਟੀਫਿਕੇਟ (ਇਕ ਵੱਖਰਾ ਸੈੱਟ ਫੋਟੋਕਾਪੀ ਸੈਲਫ ਅਟੈਸਟਡ) ਆਦਿ ਲੈ ਕੇ ਮੁਖੀ, ਕੰਪਿਊਟਰ ਸਾਇੰਸ ਵਿਭਾਗ ਦੇ ਦਫ਼ਤਰ ਵਿਖੇ ਹਾਜ਼ਰ ਹੋਣ। ਇੰਟਰਵਿਊ ਤੇ ਹਾਜ਼ਰ ਹੋਣ ਵਾਲੇ ਉਮੀਦਵਾਰਾਂ ਨੂੰ ਕੋਈ ਵੀ TA/DA ਆਦਿ ਨਹੀਂ ਦਿੱਤਾ ਜਾਵੇਗਾ।

14/08/24

ਮੁਖੀ, (ਡਾ. ਗਗਨਦੀਪ)
ਕੰਪਿਊਟਰ ਸਾਇੰਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ